ਮਿਸਲ ਨੰਬਰ- (ਈ-558091/2023)/(ਪੀ-3) 2023287262

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਪ੍ਰਮੋਸ਼ਨ ਸੈੱਲ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ)
ਪੰਜਾਬ।

ਮਿਤੀ, ਐਸ.ਏ.ਐਸ.ਨਗਰ 20.10.2023

ਵਿਸ਼ਾ- ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਸਾਲ 2015 ਅਤੇ ਉਸ ਤੋਂ ਬਾਅਦ ਕੀਤੀਆਂ ਗਈਆਂ ਪਦ-ਉੱਨਤੀਆਂ ਦੇ ਰੀਵਿਊ ਲਈ ਜੇ.ਬੀ.ਟੀ. /ਈ.ਟੀ.ਟੀ. ਦੀਆਂ ਭਰਤੀਆਂ ਦਾ ਰਜਿਸਟਰ (Recruitment Register) ਤਿਆਰ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ-

1. ਸਿੱਖਿਆ ਵਿਭਾਗ, ਪੰਜਾਬ ਵਿੱਚ ਕੰਮ ਕਰਦੇ ਜੇ.ਬੀ.ਟੀ. / ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੀਆਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਕੀਤੀਆਂ ਜਾਂਦੀਆਂ ਹਨ। ਕਿਉਂਜੋ ਜੇ.ਬੀ.ਟੀ./ਈ.ਟੀ.ਟੀ. ਕਾਡਰ ਇੱਕ ਜਿਲ੍ਹਾ ਪੱਧਰੀ ਕਾਡਰ ਹੈ ਅਤੇ ਇੰਨ੍ਹਾਂ ਨੂੰ ਨਿਯੁਕਤੀ ਪੱਤਰ ਵੀ ਸਬੰਧਤ ਜਿ.ਸਿ.ਅ. (ਐਸਿ) ਵੱਲੋਂ ਜਾਰੀ ਕੀਤੇ ਜਾਂਦੇ ਹਨ। ਇੰਨ੍ਹਾਂ ਦੀਆਂ ਮਾਸਟਰ ਕਾਡਰ ਦੀਆਂ ਪਦ-ਉਨਤੀਆਂ ਰਾਜ ਪੱਧਰੀ ਇੰਨਟਸੇ ਸੀਨੀਆਰਤਾ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ।

(i) ਜੇ.ਬੀ.ਟੀ./ਈ.ਟੀ.ਟੀ. ਕਾਡਰ ਦੀ ਰਾਜ ਪੱਧਰੀ ਇੰਟਰਸੇ ਸੀਨੀਆਰਤਾ ਕਰਮਚਾਰੀਆਂ ਦੀ ਰੈਗੂਲਰ ਹਾਜ਼ਰੀ ਦੀ ਮਿਤੀ ਦੇ ਆਧਾਰ ਤੇ ਤਿਆਰ ਕੀਤੀ ਜਾਂਦੀ ਰਹੀ ਹੈ, ਜਿਸ ਕਾਰਨ ਇੱਕੋ ਭਰਤੀ ਦੇ ਵੱਧ ਮੈਰਿਟ ਵਾਲੇ ਕਰਮਚਾਰੀਆਂ ਦੇ ਘੱਟ ਮੈਰਿਟ ਵਾਲੇ ਕਰਮਚਾਰੀਆਂ ਤੋਂ ਬਾਅਦ ਵਿੱਚ ਹਾਜਰ ਹੋਣ ਕਾਰਨ ਵੱਧ ਮੈਰਿਟ ਵਾਲੇ ਕਰਮਚਾਰੀ ਘੱਟ ਮੈਰਿਟ ਵਾਲੇ ਕਰਮਚਾਰੀਆਂ ਤੋਂ ਜੂਨੀਅਰ ਹੋ ਜਾਂਦੇ ਹਨ ਅਤੇ ਵਿਭਾਗ ਵੱਲੋਂ ਇਸ ਸਬੰਧੀ ਬੇਲੋੜੀ ਲਿਟੀਗੇਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

(ii) ਉਕਤ ਸਮੱਸਿਆ ਦਾ ਹੱਲ ਕਰਨ ਲਈ, ਜਿੰਨ੍ਹਾ ਸੀਨੀਆਰਤਾਵਾਂ ਦੇ ਆਧਾਰ ਤੇ ਸਾਲ 2015 ਅਤੇ ਉਸ ਤੋਂ ਬਾਅਦ ਜੇ.ਬੀ.ਟੀ. / ਈ.ਟੀ.ਟੀ. ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਕੀਤੀਆਂ ਗਈਆਂ ਹਨ, ਵਿਭਾਗ ਵੱਲੋਂ ਉਨਾਂ ਦੇ ਪੈਰਾਮੀਟਰ ਤੈਅ ਕਰਨ ਅਤੇ ਤੈਅ ਕੀਤੇ ਪੈਰਾਮੀਟਰ ਦੇ ਆਧਾਰ ਤੇ ਸੀਨੀਆਰਤਾਵਾਂ ਸੋਧਣ ਉਪਰੰਤ ਸਾਲ 2015 ਅਤੇ ਉਸ ਤੋਂ ਬਾਅਦ ਦੀਆਂ ਪਦ-ਉੱਨਤੀਆਂ ਰੀਵਿਊ ਕਰਨ ਦਾ ਫੈਸਲਾ ਲਿਆ ਗਿਆ ਹੈ।

2. ਕਿਉਂਜੋ ਐਲੀਮੈਂਟਰੀ ਸਿੱਖਿਆ ਵਿਭਾਗ ਦੇ ਸੇਵਾ ਨਿਯਮਾਂ ਅਨੁਸਾਰ ਜੇ.ਬੀ.ਟੀ./ਈ.ਟੀ.ਟੀ. ਕਾਡਰ ਦੇ ਨਿਯੁਕਤੀ ਅਧਿਕਾਰੀ ਆਪ ਹੋ, ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਲ 1991 ਅਤੇ ਉਸ ਤੋਂ ਬਾਅਦ ਦੀਆਂ ਭਰਤੀਆਂ ਦਾ ਰਜਿਸਟਰ, ਇਸ ਪੱਤਰ ਨਾਲ ਨੱਥੀ ਪ੍ਰਫਾਰਮੇ ਅਨੁਸਾਰ ਤਿਆਰ ਕਰਕੇ ਦਿੱਤਾ ਜਾਵੇ।

(i) ਇਹ ਰਜਿਸਟਰ ਤਿਆਰ ਕਰਨ ਲਈ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ-

a. ਉਪ ਜਿਲ੍ਹਾ ਸਿੱਖਿਆ ਅਫ਼ਸਰ (ਐਸਿ)
b. ਜਿਲੇ ਦਾ ਸਭ ਤੋਂ ਸੀਨੀਅਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
c. ਦਫ਼ਤਰ ਦਾ ਐਸ.ਓ. / ਐਲ.ਏ.
d. ਸੀਨੀਅਰ ਸੀ.ਐੱਚ.ਟੀ.
e. ਭਰਤੀਆਂ ਦਾ ਡੀਲਿੰਗ ਸਹਾਇਕ
f. ਸਟੈਨੋ / ਟਾਈਪਿਸਟ

(ii) ਉਕਤ ਤੋਂ ਇਲਾਵਾ ਜਿਲ੍ਹਾ ਸਿੱਖਿਆ ਅਫ਼ਸਰ (ਐਸਿ) ਕਿਸੇ ਅਧਿਕਾਰੀ/ਕਰਮਚਾਰੀ ਦੀ ਅਣਹੋਂਦ / ਅਸਮਰੱਥ ਹੋਣ ਦੀ ਸੂਰਤ ਵਿੱਚ, ਲੋੜ ਅਨੁਸਾਰ ਕਿਸੇ ਹੋਰ ਕੰਮ ਕਰਦੇ ਜਿੰਮੇਵਾਰ ਯੋਗ ਅਧਿਕਾਰੀ / ਕਰਮਚਾਰੀ ਦੀ ਡਿਊਟੀ ਆਪਣੇ ਪੱਧਰ ਤੇ ਲਗਾ ਕੇ ਗਠਿਤ ਕਮੇਟੀ ਦੀ ਲਿਖਤੀ ਸੂਚਨਾਂ ਇਸ ਦਫ਼ਤਰ ਨੂੰ ਭੇਜਣਗੇ।

(iii) ਉਕਤ ਭਰਤੀਆਂ ਦੇ ਰਜਿਸਟਰ ਹੇਠ ਲਿਖੇ ਅਨੁਸਾਰ ਦੋ ਪੜਾਵਾਂ ਵਿੱਚ ਇਸ ਦਫ਼ਤਰ ਨੂੰ ਭੇਜਿਆ ਜਾਵੇ-

a. ਪਹਿਲਾ ਪੜਾਅ ਸਾਲ 1991 ਤੋਂ 2005 ਤੱਕ ਦੀਆਂ ਭਰਤੀਆਂ ਦਾ ਹੋਵੇਗਾ ਜੋ ਕਿ ਮਿਤੀ 03.11.2023 ਤੱਕ ਇਸ ਦਫ਼ਤਰ ਵਿਖੇ ਮੁਕੰਮਲ ਕਰਕੇ ਭੇਜਿਆ ਜਾਣਾ ਹੈ।

b. ਦੂਜਾ ਪੜਾਅ ਸਾਲ 2006 ਅਤੇ ਇਸ ਤੋਂ ਬਾਅਦ ਦੀਆਂ ਭਰਤੀਆਂ ਦਾ ਹੋਵੇਗਾ, ਜੋ ਕਿ ਮਿਤੀ 22.11.2023 ਤੱਕ ਮੁਕੰਮਲ ਕਰਕੇ ਇਸ ਦਫ਼ਤਰ ਨੂੰ ਭੇਜਿਆ ਜਾਣਾ ਹੈ।

(iv) ਭਰਤੀਆਂ ਦੇ ਰਜਿਸਟਰ ਦੀਆਂ ਹਸਤਾਖਰਿਤ ਹਾਰਡ ਕਾਪੀਆਂ ਅਤੇ ਸਾਫਟ ਕਾਪੀਆਂ (ਐਕਸਲ ਸ਼ੀਟਾਂ) ਦੋਵੇਂ ਉਕਤ ਅਨੁਸਾਰ ਨਿਰਧਾਰਿਤ ਮਿਤੀਆਂ ਤੱਕ ਇਸ ਦਫ਼ਤਰ ਨੂੰ ਭੇਜਣੀਆਂ ਯਕੀਨੀ ਬਣਾਈਆਂ ਜਾਣ।

(v) ਭਰਤੀ ਦਾ ਰਜਿਸਟਰ ਤਿਆਰ / ਟਾਈਪ ਕਰਨ ਸਮੇਂ ਕੇਵਲ Times New Roman (ਅੰਗਰੇਜੀ ਫੌਂਟ, CAPITAL LETTERS) ਅਤੇ ਮਿਤੀਆਂ ਦਾ ਫਾਰਮਟ dd/mm/yyyy ਦੀ ਵਰਤੋਂ ਕੀਤੀ ਜਾਵੇ।

(vi) ਨੱਥੀ ਪ੍ਰਫਾਰਮੇ ਦੇ ਕਾਲਮ ਨੰਬਰ ਵਿੱਚ –ਨਾਮ ਅਤੇ ਪਿਤਾ ਦੇ ਨਾਮ ਦੇ ਨਾਲ Sh/Smt/Miss/Ms/Mrs/Late ਆਦਿ ਦੀ ਡਾਟਾ ਬੇਸ ਵਿੱਚ ਵਰਤੋਂ ਨਾ ਕੀਤੀ ਜਾਵੇ।

3. ਉਕਤ ਤੋਂ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਜਾਰੀ ਕੀਤੀਆਂ ਸੀਨੀਆਰਤਾ ਸੂਚੀਆਂ ਦੀਆਂ ਤਸਦੀਕੀ ਕਾਪੀਆਂ ਮਿਤੀ 03.11.2023 ਤੱਕ, ਲੜੀ ਨੰਬਰ 2(iii) (a) ਅਨੁਸਾਰ ਪਹਿਲੇ ਪੜਾਅ ਦੇ ਨਾਲ ਭੇਜਣੀਆਂ ਯਕੀਨੀ ਬਣਾਈਆਂ ਜਾਣ।

ਨੱਥੀ- ਪ੍ਰਫਾਰਮਾ

ਸਹੀ/-

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

ਪਿੱਠ ਅੰਕਣ ਨੰਬਰ- ਉਕਤ/ 2023217262-65 ਮਿਤੀ 20.10.2023

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਪੀ.ਏ.-ਟੂ-ਡੀ.ਐਸ.ਈ. (ਸੈਸਿ), ਪੰਜਾਬ।
2. ਪੀ.ਏ.-ਟੂ-ਡੀ.ਐਸ.ਈ. (ਐਸਿ), ਪੰਜਾਬ।
3. ਮੈਨੇਜਰ, ਐੱਮ.ਆਈ.ਐੱਸ., ਦ.ਡੀ.ਜੀ.ਐਸ.ਈ., ਪੰਜਾਬ, ਵੈੱਬ ਸਾਈਟ ਤੇ ਅਪਲੋਡ ਕਰਨ ਸਬੰਧੀ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

# Recruitment Register Performa

| SR No. | STAFF ID (IF ALLOTED) | DISTRICT ALOTTED FOR POSTING AT THE TIME OF APPOINTMENT | SENIORITY AT THE TIME OF APPOINTMENT IN THE DISTRICT | IF BY TRANSFER | | | PRESENT DISTRICT | SENIORITY No. IN PRESENT DISTRICT | NAME OF EMPLOYEE | FATHER'S NAME | GENDER | DATE OF APPOINTMENT IN ZILLA PARISHAD | DATE OF JOINING IN EDUCATION DEPARTMENT IN YEAR 2011 (FOR ZILLA PARISHAD EMPLOYEES ONLY) | DATE OF TRANSFER OF DATE OF MERGER IN EDUCATION DEPARTMENT AS PER ZILLA PARISHAD NOTIFICATION No. 2/305/2014/ETT/9460 DATED 19-09-2014 AND DIRECTOR EDUCATION DEPARTMENT'S ORDER No. 2/7-14 सेधु(1) DATED 05-10-2014 | DESIGNATION AT THE TIME OF APPOINTMENT IN EDUCATION DEPARTMENT (WHETHER ETT/JBT, HT OR CHT) | DATE OF APPOINTMENT IN EDUCATION DEPARTMENT AS PRIMARY CADRE TEACHER | DATE OF JOINING IN EDUCATION DEPARTMENT | MODE OF RECRUITMENT (THROUGH ADVERTISEMENT OR COMPASSIONATE APPOINTMENT) | IF THROUGH ADVERTISEMENT THEN DATE OF ADVERTISEMENT | CATEGORY IN SELECTION (GENERAL/HANDICAPPED(VH,HH,OH,MD/ID), SC(M&B), SC (R&O) ETC | MERIT NUMBER (IF RANK) | MERIT POINT (IF PERCENTAGE) WRITE UPTO 4 DIGITS AFTER DECIMAL, IF AVAILABLE | PROMOTION DETAIL | | | REMARKS |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | NAME OF DISTRICT FROM WHERE THE EMPLOYEE GOT TRANSFERRED | DATE OF JOINING IN THE TRANSFERRED DISTRICT | SENIORITY NO. ACQUIRED IN THE TRANSFERRED DISTRICT | | | | | | | | | | | | | | | | | DATE OF PROMOTION AS MASTER OR HT/CHT (IF A CANDIDATE IS PROMOTED TWICE OR THRICE THEN MENTION THE INFORMATION PERTAINING WITH COLUMNS 17-19 PROMOTION WISE SEPARTELY) | DESIGNATION AFTER PROMOTION | DATE OF JOINING AFTER PROMOTION | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 | 21 | 22 | 23 | 24 | 25 | 26 | 27 |